# ਆਪਣੇ ਕਾਰੋਬਾਰ ਦਾ ਨਾਂ ਰੱਖਣਾ

ਆਪਣੇ ਨਵੇਂ ਕਾਰੋਬਾਰ (ਬਿਜ਼ਨਸ) ਦੇ ਨਾਂ ਦੀ ਚੋਣ, ਉਸ ਦੀ ਕਾਮਯਾਬੀ ਲਈ ਇਕ ਬਹੁਤ ਹੀ ਮਹੱਤਵਪੂਰਨ ਪੱਖ ਹੋ ਸਕਦਾ ਹੈ। ਆਪਣੇ ਕਾਰੋਬਾਰ ਦਾ ਨਾਂ ਰੱਖਣ ਵੇਲੇ ਵਿਚਾਰੀਆਂ ਜਾਣ ਵਾਲੀਆਂ ਚੀਜ਼ਾਂ ਦੀ ਲਿਸਟ ਇਹ ਹੈ।

## ਨਾਂ ਵਿਚ ਕੀ ਸ਼ਾਮਲ ਕਰਨਾ ਹੈ

ਕਾਰੋਬਾਰ ਦਾ ਚੰਗਾ ਨਾਂ, ਹਰ ਵੇਲੇ ਇਸ ਦਾ ਜ਼ਿਕਰ ਆਉਣ ਵੇਲੇ, ਤੁਹਾਡੇ ਕਾਰੋਬਾਰ ਬਾਰੇ ਕੁਝ ਦੱਸ ਕੇ ਮਸ਼ਹੂਰੀ ਲਈ ਇਕ ਅਸਰਦਾਰ ਤਰੀਕੇ ਵਜੋਂ ਕੰਮ ਕਰ ਸਕਦਾ ਹੈ। ਉਦਾਹਰਣ ਲਈ, ਚੰਗਾ ਨਾਂ ਗਾਹਕਾਂ ਦੀ ਇਹ ਸਮਝਣ ਵਿਚ ਮਦਦ ਕਰ ਸਕਦਾ ਹੈ ਕਿ ਤੁਹਾਡਾ ਕਾਰੋਬਾਰ ਕਾਹਦਾ ਹੈ ਅਤੇ ਇਸ ਦੇ ਨਾਲ ਹੀ ਇਹ ਤੁਹਾਨੂੰ ਆਪਣੇ ਕਾਰੋਬਾਰ ਦੇ ਮੰਤਵਾਂ ਵੱਲ ਧਿਆਨ ਕੇਂਦਰਿਤ ਕਰਨ ਲਈ ਮਜ਼ਬੂਰ ਕਰ ਸਕਦਾ ਹੈ।

ਕਾਰੋਬਾਰ ਦਾ ਨਾਂ ਰੱਖਣ ਵੇਲੇ, ਕਈ ਵੱਖ ਵੱਖ ਪੱਖਾਂ 'ਤੇ ਵਿਚਾਰ ਕੀਤੀ ਜਾਣੀ ਚਾਹੀਦੀ ਹੈ:

- ਕੀ ਚੁਣਿਆ ਗਿਆ ਨਾਂ ਉਸ ਮਾਰਕੀਟ ਲਈ ਢੁਕਵਾਂ ਹੈ, ਜਿਸ ਨੂੰ ਤੁਸੀਂ ਨਿਸ਼ਾਨਾ ਬਣਾ ਰਹੇ ਹੋ?
- ਕੀ ਨਾਂ ਛੋਟਾ ਹੈ?
- ਕੀ ਨਾਂ ਯਾਦ ਰੱਖਣਾ ਸੌਖਾ ਹੈ?
- ਕੀ ਨਾਂ ਇੰਨਾ ਕੁ ਨਿਵੇਕਲਾ ਹੈ ਕਿ ਇਹ ਤੁਹਾਨੂੰ ਆਪਣੇ ਮੁਕਾਬਲਾਕਾਰੀਆ ਤੋਂ ਅੱਡਰਾ ਕਰਦਾ ਹੈ?

## ਤੁਸੀਂ ਕਿਸ ਨੂੰ ਵੇਚ ਰਹੇ ਹੋ?

*ਇੰਡਸਟਰੀਅਲ ਗਾਹਕ:* ਸੰਭਾਵੀ ਗਾਹਕਾਂ ਵਿਚ ਆਪਣੀ ਕੰਪਨੀ ਬਾਰੇ ਸਾਫ਼ ਸਾਫ਼ ਸਮਝ ਪੈਦਾ ਕਰਨ ਲਈ ਇਕ ਤਕੜਾ ਅਤੇ ਬਿਆਨ ਕਰਨ ਵਾਲਾ ਨਾਂ ਰੱਖਿਆ ਜਾ ਸਕਦਾ ਹੈ (ਜਿਵੇਂ ਜੈਟ ਬਲਾਸਟ ਇੰਕ, ਨੋਆਇਜ਼ ਕੈਂਸਲੇਸ਼ਨ ਟੈਕਨੌਲੋਜੀ ਇੰਕ, ਆਦਿ)।

*ਖਪਤਕਾਰੀ ਗਾਹਕ:* ਕਾਰੋਬਾਰ ਕਰਨ ਵਾਲਾ ਕੋਈ ਵੀ ਵਿਅਕਤੀ ਇਹ ਜਾਣਦਾ ਹੈ ਕਿ ਗਾਹਕਾਂ ਲਈ ਹੋਰ ਕਾਰੋਬਾਰ ਨਾਲ ਮੁਕਾਬਲਾ ਕਰਨਾ ਕਿੰਨਾ ਔਖਾ ਹੈ। ਇਸ ਕਰਕੇ, ਮਨ ਵਿਚ ਸਦਾ ਕਾਇਮ ਰਹਿਣ ਵਾਲਾ ਪ੍ਰਭਾਵ ਪੈਦਾ ਕਰਨ ਵਾਲਾ ਨਾਂ ਫਾਇਦੇਮੰਦ ਹੋ ਸਕਦਾ ਹੈ (ਜਿਵੇਂ ਟਾਇਟੈਨਿਕ ਸੈਲਵਿਜ, ਟਿੰਬੁਕਟੂ ਟੂਰਜ਼, ਸਹਾਰਾ ਸੈਂਡਬਲਾਸਟਿੰਗ, ਆਦਿ)।

## ਆਪਣੇ ਕਾਰੋਬਾਰ ਦਾ ਨਾਂ ਰੱਖਣ ਲਈ ਕੀ ਕਰਨਾ ਚਾਹੀਦਾ ਹੈ

ਅਜਿਹੇ ਕੁਝ ਨਾਂ ਚੁਣੋ ਜਿਹੜੇ ਉਹ ਪ੍ਰਭਾਵ ਬਣਾਉਂਦੇ ਹੋਣ ਜਿਹੜਾ ਤੁਸੀਂ ਚਾਹੁੰਦੇ ਹੋ। ਇਸ ਨੂੰ ਦੋਸਤਾਂ, ਪਰਿਵਾਰ ਅਤੇ ਸੰਭਾਵੀ ਗਾਹਕਾਂ 'ਤੇ ਟੈੱਸਟ ਕਰੋ। ਕੁਝ ਨਾਂ ਅਜਿਹੇ ਅਜ਼ਮਾ ਦੇ ਦੇਖੋ ਜਿਹੜੇ ਕਾਰੋਬਾਰ ਦਾ ਚਿੱਤਰ ਮਨ ਵਿਚ ਵਸਾਉਂਦੇ ਹੋਣ, ਕੁਝ ਅਜਿਹੇ ਅਜ਼ਮਾਉ ਜਿਹੜੇ ਕਾਰੋਬਾਰ ਦਾ ਵਧੀਆ ਵੇਰਵਾ ਦਿੰਦੇ ਹੋਣ ਅਤੇ ਕੁਝ ਅਜਿਹੇ ਜਿਹੜੇ ਇਨ੍ਹਾਂ ਦੋਨਾਂ ਚੀਜ਼ਾਂ ਦੇ ਵਿਚਕਾਰ ਹੋਣ। ਆਪਣੀ ਨਿਸ਼ਾਨੇ ਵਾਲੀ ਮਾਰਕੀਟ ਵਾਲੇ ਲੋਕਾਂ 'ਤੇ ਆਪਣੇ ਕਾਰੋਬਾਰ ਦੇ ਨਾਂਵਾਂ ਨੂੰ ਟੈੱਸਟ ਕਰਨ ਵਾਲਾ ਖਾਸ ਧਿਆਨ ਦਿਉ – ਉਨ੍ਹਾਂ ਖਪਤਕਾਰੀ ਗਰੁੱਪਾਂ 'ਤੇ ਜਿਨ੍ਹਾਂ ਦੀ ਨਿੱਤ ਦੀ ਗਾਹਕੀ ਤੁਸੀਂ ਹਾਸਲ ਕਰਨਾ ਚਾਹੁੰਦੇ ਹੋ। ਇਨ੍ਹਾਂ ਲੋਕਾਂ ਨੂੰ ਇਸ ਚੀਜ਼ ਬਾਰੇ ਆਪਣੇ ਪ੍ਰਭਾਵ ਲਿਖਣ ਦਿਉ ਕਿ ਕਾਰੋਬਾਰ ਕੀ ਵੇਚੇਗਾ, ਇਹ ਕਿਵੇਂ ਚਲਾਇਆ ਜਾਵੇਗਾ, ਆਦਿ। ਉਨ੍ਹਾਂ ਦੇ ਵਿਚਾਰਾਂ ਦੀ ਤੁਲਨਾ ਆਪਣੇ ਵਿਚਾਰਾਂ ਨਾਲ ਕਰੋ।

ਆਪਣੇ ਨਵੇਂ ਕਾਰੋਬਾਰ ਦਾ ਨਾਂ ਰਜਿਸਟਰ ਕਰਵਾਉਣ ਵੇਲੇ, ਤੁਹਾਡੇ ਤੋਂ ਇਕ ਫੀਸ ਲਈ ਜਾਵੇਗੀ ਤਾਂ ਜੋ ਇਹ ਪੱਕਾ ਹੋਵੇ ਕਿ ਇਸ਼ਤਿਹਾਰਾਂ, ਸਾਈਨਾਂ, ਅਤੇ ਕਾਨੂੰਨੀ ਮੰਤਵਾਂ ਲਈ ਤੁਹਾਡੇ ਕਾਰੋਬਾਰ ਦਾ ਨਾਂ ਸਿਰਫ਼ ਤੁਹਾਡੀ ਵਰਤੋਂ ਲਈ ਹੀ ਹੋਵੇ। ਤੁਹਾਨੂੰ ਕਾਰੋਬਾਰ ਦੀ ਕਿਸਮ ਬਾਰੇ ਦੱਸਣਾ ਪਵੇਗਾ (ਇਕ ਮਾਲਕੀ, ਭਾਈਵਾਲੀ, ਪ੍ਰਾਈਵੇਟ ਕਾਰਪੋਰੇਸ਼ਨ ਜਾਂ ਕੋਆਪਰੇਟਿਵ)।

ਕੁਝ ਕਾਰੋਬਾਰਾਂ ਲਈ, ਕੈਨੇਡਾ ਭਰ ਵਿਚ ਨਾਂ ਰਜਿਸਟਰ ਕਰਵਾਉਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਬਾਰੇ ਵੀ ਜਾਣਕਾਰੀ ਆਪਣੇ ਸਥਾਨਕ ਕੈਨੇਡਾ ਬਿਜ਼ਨਸ ਸਰਵਿਸ ਸੈਂਟਰ ਤੋਂ ਲਈ ਜਾ ਸਕਦੀ ਹੈ।

## ਮੁੱਕਦੀ ਗੱਲ

ਇਕ ਚੰਗੇ ਨਾਂ ਨਾਲ ਗਾਹਕ ਨੂੰ ਤੁਹਾਡੇ ਕਾਰੋਬਾਰ ਦੇ ਵੇਰਵੇ ਦਾ ਪਤਾ ਲੱਗਦਾ ਹੈ। ਭਾਵੇਂ ਨਾਂ ਸਿੱਧਾ ਵੇਰਵਾ ਦੇਵੇ ਜਾਂ ਮਨ ਵਿਚ ਚਿੱਤਰ ਬਣਾਏ, ਬੁਨਿਆਦੀ ਤੌਰ 'ਤੇ ਨਾਂ ਗਾਹਕ ਦੇ ਇਸ ਸਵਾਲ ਦਾ ਜਵਾਬ ਦੇਣ ਵਾਲਾ ਹੋਣਾ ਚਾਹੀਦਾ ਹੈ: "**ਮੈਂ ਕੀ ਉਮੀਦ ਰੱਖ ਸਕਦਾ/ਸਕਦੀ ਹਾਂ?**"

ਤਿਆਰ ਕਰਤਾ: ਸਸਕੈਚਵਨ ਰੀਜਨਲ ਇਕਨੌਮਿਕ ਐਂਡ ਕੋ-ਆਪਰੇਟਿਵ ਡਿਵੈਲਪਮੈਂਟ

ਕੈਨੇਡਾ-ਓਨਟਾਰੀਓ ਬਿਜ਼ਨੈਸ ਸਰਵਿਸ ਸੈਂਟਰ (COBSC/CSECO) ਕੈਨੇਡਾ ਦੀਆਂ ਸਰਕਾਰੀ ਜ਼ਬਾਨਾਂ ਅੰਗਰੇਜ਼ੀ ਅਤੇ ਫਰਾਂਸੀਸੀ ਵਿੱਚ ਕਾਰੋਬਾਰੀ ਜਾਣਕਾਰੀ ਦਿੰਦਾ ਹੈ। ਸਾਡੇ ਸਭ ਤੋਂ ਵੱਧ ਉਪਯੋਗੀ ਦਸਤਾਵੇਜ਼ਾਂ ਵਿੱਚੋਂ ਕੁਝ ਇੱਕ ਦੀਆਂ ਕਾਪੀਆਂ ਦਾ ਨਿਮਰਤਾ ਵਜੋਂ ਹੋਰ ਜ਼ਬਾਨਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਜੇ ਤੁਸੀਂ ਵਧੇਰੀ ਕਾਰੋਬਾਰੀ ਜਾਣਕਾਰੀ \ਲੈਣਾ ਚਾਹੁੰਦੇ ਹੋ ਤਾਂ COBSC/CSECO ਇਨਫਾਰਮੇਸ਼ਨ ਅਫਸਰ ਨਾਲ ਗੱਲ ਕਰਨ ਲਈ ਕਿਰਪਾ ਕਰਕੇ 1-888-576-4444 ਤੇ ਕਾਲ ਕਰੋ।